# ਫੈਕਟ ਸ਼ੀਟ 10

# ਵਾਟਰ ਅਤੇ ਫੂਡ ਸਕਿਊਰਿਟੀ

## ਕਿਵੇਂ ਨਸਲੀ ਲੋਕਾਂ ਨੂੰ ਫੂਡ ਅਤੇ ਵਾਟਰ ਸਕਿਊਰਿਟੀ ਤੋਂ ਵਾਂਝੇ ਰੱਖਿਆ ਜਾਂਦਾ ਹੈ?



ਸਾਲ 2011 ਵਿੱਚ, ਕਨੇਡਾ ਦੇ ਟੋਰਾਂਟੋ ਅਤੇ ਉੱਤਰੀ ਓਨਟਾਰੀਓ ਵਿੱਚ ਫੂਡ ਇਨਸਕਿਊਰਿਟੀ ਦੀ ਦਰ ਕ੍ਰਮਵਾਰ 10.1% ਅਤੇ 9.7% ਰਿਪੋਰਟ ਕੀਤੀ ਗਈ। ਪੂਰੇ ਕੈਨੇਡਾ ਵਿੱਚ ਓਨਟਾਰੀਓ ਦੀ ਸਥਿਤੀ ਸਭ ਤੋਂ ਗੰਭੀਰ ਹੈ।

**ਸਮਾਜਿਕ ਸਹਾਇਤਾ (Social Assistance):** ਸਾਲ 2011 ਤੋਂ, ਓਨਟਾਰੀਓ ਵਿੱਚ 70% ਅਜਿਹੇ ਪਰਿਵਾਰ ਜਿਨ੍ਹਾਂ ਦੀ ਆਮਦਨੀ ਦਾ ਵੱਡਾ ਸਰੋਤ ਸਮਾਜਿਕ ਸਹਾਇਤਾ ਸੀ, ਉਹ ਫੂਡ ਇਨਸਕਿਊਰਿਟੀ ਦੀ ਸਮੱਸਿਆ ਨਾਲ ਜੂਝ ਰਹੇ ਸਨ।

**ਆਮਦਨੀ (Income):** ਓਟਵਾ ਵਿੱਚ ਲੋ-ਇਨਕਮ ਕਟ-ਆਫ (low income cut-off) ਤੋਂ ਹੇਠਾਂ ਰਹਿ ਰਹੇ 20.2% ਪਰਿਵਾਰ ਦੂਸਰਿਆਂ ਦੇ 3.5% ਦੇ ਮੁਕਾਬਲੇ ਵਧੇਰੇ ਫੂਡ ਇਨਸਿਕਊਰਿਟੀ ਵਿੱਚ ਜੀ ਰਹੇ ਹਨ।

**ਸਕੂਲ (School):** ਘਰੇਲ ਭੋਜਨ ਦੀ ਅਸੁਰੱਖਿਆ 18 ਸਾਲ ਤੋਂ ਘੱਟ ਉਮਰ ਦੇ ਹਰ ਛੇਵੇਂ ਕੈਨੇਡੀਅਨ ਬੱਚੇ ਨੂੰ ਪ੍ਰਭਾਵਿਤ ਕਰਦੀ ਹੈ । ਅਮਰੀਕਾ ਅਤੇ ਹੋਰ ਕਈ ਉਦਯੋਗਿਕ ਦੇਸ਼ਾਂ ਦੇ ਵਾਂਗ ਕਨੇਡਾ ਵਿੱਚ ਨੈਸ਼ਨਲ ਸਕੂਲ ਫੂਡ ਪ੍ਰੋਗਰਾਮ ਨਹੀਂ ਹਨ।

**ਤਾਜ਼ਾ ਇਮੀਗ੍ਰੇਸ਼ਨ (Recent Immigration):** 2011-2012 ਵਿਚ ਤਕਰੀਬਨ 1.1 ਮਿਲੀਅਨ ਕੈਨੇਡੀਅਨ ਪਰਿਵਾਰਾਂ ਨੂੰ ਫੂਡ ਇਨਸਕਿਊਰਿਟੀ ਦਾ ਸਾਹਮਣਾ ਕਰਨਾ ਪਿਆ । ਇਹ ਸਮੱਸਿਆ ਮੁੱਖ ਤੌਰ ਕੈਨੇਡੀਅਨ ਮੂਲ ਦੇ ਲੋਕਾਂ (12.4%) ਅਤੇ ਪੁਰਾਣੇ ਪ੍ਰਵਾਸੀਆਂ (11.8%) ਦੇ ਮੁਕਾਬਲੇ ਕਲਰ ਕੋਡ ਦੇ ਹਾਲ ਹੀ ਦੇ ਪ੍ਰਵਾਸੀਆਂ (19.6%) ਵਿੱਚ ਵਧੇਰੇ ਸੀ।

**ਸਮਾਜਿਕ ਕਾਰਕ (Social/Structural Determinants):** ਟੋਰਾਂਟੋ ਵਿੱਚ ਲਾਤੀਨੀ ਅਮਰੀਕੀ ਪ੍ਰਵਾਸੀਆਂ ਦਾ ਸਮਾਜਿਕ ਸਹਾਇਤਾ ਅਤੇ ਫੂਡ ਬੈਂਕਾਂ 'ਤੇ ਨਿਰਭਰ ਹੋਣਾ ਅਤੇ ਅੰਗਰੇਜ਼ੀ ਨਾ ਆਉਣਾ ਵੀ ਫੂਡ ਇਨਸਕਿਊਰਿਟੀ ਨਾਲ ਸੰਬੰਧ ਰੱਖਦਾ ਹੈ।

**ਸਭਿਆਚਾਰਕ ਅਨੁਕੂਲਤਾ (Culturally Appropriate):** ਇੰਡੀਜੀਨੱਸ ਅਤੇ ਕਲਰ ਕੋਡ ਵਾਲੇ ਲੋਕਾਂ ਨੂੰ ਆਮ ਤੌਰ ਸਿਹਤ ਭਲਾਈ ਅਦਾਰਿਆਂ ਅਤੇ ਫੂਡ ਸਿਕਊਰਿਟੀ ਪ੍ਰੋਗਰਾਮਾਂ ਉਹਨਾਂ ਦੇ ਕਲਚਰ ਅਤੇ ਸਿਹਤ ਮੁਤਾਬਿਕ ਢੁੱਕਵਾਂ ਭੋਜਨ ਨਹੀਂ ਮਿਲ ਪਾਉਂਦਾ।

**ਇਮੀਗ੍ਰੈਂਟਸ (Immigrants):** ਕੈਨੇਡਾ ਵਿਚ ਪ੍ਰਵਾਸੀਆਂ ਨੂੰ ਫੂਡ ਇਨਸਕਿਊਰਿਟੀ ਦੀ ਸੰਭਾਵਨਾ ਦੋ ਗੁਣਾ ਵਧੇਰੇ ਹੰਦੀ ਹੈ ਅਤੇ ਉਹ ਕੈਨੇਡਾ ਪਹੁੰਚਣ ਤੋਂ ਬਾਅਦ ਕਈ ਤਰ੍ਹਾਂ ਦੀਆਂ ਸਿਹਤ ਸਮੱਸਿਆਵਾਂ ਦਾ ਸਾਹਮਣਾ ਵੀ ਕਰਦੇ ਹਨ ।

## ਇੰਡੀਜੀਨਸ ਫੈਕਸ

2004 ਤੋਂ 2014 ਦਰਮਿਆਨ, ਕਨੇਡਾ ਵਿੱਚ ਫਸਟ ਨੇਸ਼ਨਜ਼ ਦੇ ਦੋ ਤਿਹਾਈ ਲੋਕ ਘੱਟੋ ਘੱਟ ਇੱਕ ਵਾਟਰ ਅਡਵਾਈਜ਼ਰੀ (ਦੂਸ਼ਿਤ ਪਾਣੀ ਬਾਰੇ ਦੱਸਣ ਵਾਲਾ ਇੱਕ ਪਬਲਿਕ ਹੈਲਥ ਨੋਟਿਸ) ਹੇਠ ਰਹੇ ।

**43** ਓਨਟਾਰੀਓ ਵਿੱਚ, ਸਾਲ 2018 ਤੱਕ 25 ਇੰਡੀਜੀਨੱਸ ਕਮਿਊਨਿਟੀਆਂ 46 ਲਾਂਗ-ਟਰਮ ਵਾਟਰ ਅਡਵਾਈਜ਼ਰੀਆਂ ਵਿੱਚ ਰਹੀਆਂ।

- **ਗ੍ਰਾਸੀ ਨੈਰੋਜ਼ ਅਤੇ ਵੈਬਾਸੀਓਮੌਂਗ ਫਸਟ ਨੇਸ਼ਨਜ਼** (Grassy Narrows and Wabaseemoong First Nations) ਦੀ 90% ਆਬਾਦੀ ਵਿੱਚ ਨੇੜ੍ਹੇ ਵਹਿੰਦੀ ਵਾਬੀਗੂਨ-ਇੰਗਲਿਸ਼ ਨਦੀ ਕਰਕੇ ਪਾਰੇ ਦੇ ਤੱਤ ਪਾਏ ਗਏ।
- ਇੰਡੀਜੀਨੱਸ ਪਰਿਵਾਰਾਂ ਵਿੱਚ ਫੂਡ ਇਨਸਕਿਊਰਿਟੀ ਵਰਗੀ ਸਮੱਸਿਆ ਦੀ ਸੰਭਾਵਨਾ ਵਧੇਰੇ ਹੈ। ਕਰੀਬ 5.1% ਇੰਡੀਜੀਨੱਸ ਘਰਾਣੇ ਮਾਰਜੀਨਲ ਫੂਡ ਇਨਸਕਿਊਰਿਟੀ, 14.8% ਮਾਡੇਰੇਟ ਫੂਡ ਇਨਸਿਕਊਰਿਟੀ ਅਤੇ 8.3% ਗੰਭੀਰ ਫੂਡ ਇਨਸਕਿਊਰਿਟੀ ਦਾ ਅਨੁਭਵ ਕਰਦੇ ਹਨ ।
- ਟੋਰਾਂਟੋ ਦੇ 20% ਇੰਡੀਜੀਨੱਸ ਬਾਲਗ ਅਜਿਹੇ ਘਰਾਂ ਵਿਚ ਰਹਿੰਦੇ ਹਨ ਜੋ ਘੱਟੋ ਘੱਟ ਇਕ ਬੱਚੇ ਨੂੰ ਪੂਰਾ ਖਾਣਾ ਨਹੀਂ ਮਿਲ ਪਾਉਂਦਾ।
- 2011 ਵਿਚ, ਅੰਦਾਜ਼ਨ 29% ਦੇ ਕਰੀਬ 18 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਇੰਡੀਜੀਨੱਸ ਲੋਕ ਅਜਿਹੇ ਪਰਿਵਾਰਾਂ ਵਿਚ ਰਹਿੰਦੇ ਸਨ ਜੋ ਭੋਜਨ ਵਰਗੀਆਂ ਮੁੱਢਲੀਆਂ ਲੋੜਾਂ ਪੂਰੀਆਂ ਕਰਨ ਦੇ ਅਸਮਰਥ ਸਨ।
- ਕਲਚਰ ਅਤੇ ਸਿਹਤ ਦੇ ਅਨੁਕੂਲ ਰਵਾਇਤੀ ਭੋਜਨ, ਫੂਡ ਇਨਸਕਿਊਰਿਟੀ ਨੂੰ ਘਟਾਉਣ ਅਤੇ ਸਵਦੇਸ਼ੀ ਲੋਕਾਂ ਦੀ ਸਿਹਤ ਨੂੰ ਬਿਹਤਰ ਬਣਾਉਣ ਵਿੱਚ ਮਦਦਗਾਰ ਹੋ ਸਕਦਾ ਹੈ। ਟੋਰਾਂਟੋ ਵਿਚ 74% ਇੰਡੀਜੀਨੱਸ ਲੋਕ ਮੌਜੂਦਾ ਖਾਣੇ ਨਾਲੋਂ ਰਵਾਇਤੀ ਜਾਂ ਦੇਸੀ ਖਾਣੇ ਨੂੰ ਵਧੇਰੇ ਤਰਜੀਹ ਦਿੰਦੇ ਹਨ।

### ਸਾਲ 2013 ਅਤੇ 2015 ਦੀਆਂ ਰਿਪੋਰਟਾਂ ਅਨੁਸਾਰ ਕੈਨੇਡਾ ਵਿੱਚ ਦਰਮਿਆਨੀ ਤੋਂ ਗੰਭੀਰ ਫੂਡ ਇਨਸਕਿਊਰਟੀ ਦੇ ਅੰਕੜੇ

(2007- 2010)




ਹੋਰ ਸਰਵੇਖਣ ਦੱਸਦੇ ਹਨ ਕਿ ਇਨਯੂਟ (Inuit) ਪਰਿਵਾਰਾਂ ਵਿੱਚ ਫੂਡ ਇਨਸਕਿਊਰਟੀ ਦੀਆਂ ਦਰਾਂ ਇਸ ਤੋਂ ਵੀ ਵੱਧ (ਤਕਰੀਬਨ 62% ਤੱਕ) ਹੋਣ ਦਾ ਅਨੁਮਾਨ ਹੈ।

**ਫੂਡ ਸਕਿਊਰਟੀ (Food Security)** ਤੋਂ ਭਾਵ ਸਮਾਜ ਦੇ ਕਿਸੇ ਵਰਗ ਦੇ ਲੋਕਾਂ ਕੋਲ ਸੰਤੁਲਿਤ ਭੋਜਨ ਖਰੀਦਣ ਲਈ ਢੁਕਵੇਂ ਸਾਧਨਾਂ ਅਤੇ ਸਮੱਰਥਾ ਤੋਂ ਹੈ । ਇਹਨਾਂ ਸਾਧਨਾਂ ਰਾਹੀਂ ਲੋਕ ਫੂਡ ਬੈਂਕ ਅਤੇ ਸ਼ੈਲਟਰਾਂ ਦੀ ਬਜਾਏ ਸਥਾਨਕ ਸਟੋਰਾਂ ਤੋਂ ਅਜਿਹਾ ਭੋਜਨ ਖਰੀਦਦੇ ਹਨ ਜੋ ਉਹਨਾਂ ਦੇ ਸਭਿਆਚਾਰ ਅਤੇ ਪਰਿਵਾਰਿਕ ਲੋੜਾਂ ਦੇ ਅਨੁਕੂਲ ਹੁੰਦਾ ਹੈ ।

**ਵਾਟਰ ਸਕਿਊਰਟੀ (Water Security)** ਦਾ ਅਰਥ ਕਿਸੇ ਭਾਈਚਾਰੇ ਦੇ ਲੋਕਾਂ ਦੀ ਖਾਣਾ ਬਣਾਉਣ ਅਤੇ ਸਫਾਈ ਲਈ ਲੋੜੀਂਦੇ ਸਾਫ਼ ਪਾਣੀ ਤੱਕ ਪਹੁੰਚ ਦੀ ਸਮਰੱਥਾ ਵਜੋਂ ਲਿਆ ਜਾਂਦਾ ਹੈ।

## ਧਿਆਨ ਦੇਣਯੋਗ ਤੱਥ

- ਕਲਰ ਕੋਡ ਵਾਲੇ ਕੈਨੇਡੀਅਨਾਂ ਤੋਂ ਭਾਵ ਉਹਨਾਂ ਲੋਕਾਂ ਤੋਂ ਹੈ ਜਿਨ੍ਹਾਂ ਦਾ ਪਿਛੋਕੜ ਯੂਰਪ ਤੋਂ ਨਹੀਂ ਹੈ। ਫਿਰ ਭਾਵੇਂ ਉਹਨਾਂ ਦਾ ਜਨਮ ਕੈਨੇਡਾ ਜਾਂ ਕਿਸੇ ਵੀ ਹੋਰ ਗੈਰ ਯੂਰਪੀਅਨ ਦੇਸ਼ ਵਿੱਚ ਹੋਇਆ ਹੋਵੇ।
- ਇੰਡੀਜੀਨੱਸ ਲੋਕਾਂ ਤੋਂ ਭਾਵ ਉਹਨਾਂ ਲੋਕਾਂ ਤੋਂ ਹੈ ਜਿਹਨਾਂ ਨੂੰ ਫਰਸਟ ਨੇਸ਼ਨਲਜ਼ (First Nationals), ਇਨਯੂਟ (Inuit), ਅਤੇ ਮੈਟਿਸ (Métis) ਸਮਝਿਆ ਜਾਂਦਾ ਹੈ।
- ਟੋਰਾਂਟੋ ਵਿਚ, ਗਰੀਬੀ ਵਿਚ ਰਹਿਣ ਵਾਲੇ ਸਾਰੇ ਵਿਅਕਤੀਆਂ ਦਾ 62% ਜਾਤੀਗਤ ਸਮੂਹਾਂ ਨਾਲ ਸੰਬੰਧ ਰੱਖਦੇ ਹਨ।
- ਕੈਨੇਡਾ ਦੇ 52% ਗਰੀਬ ਜਾਤੀਗਤ ਲੋਕ ਓਨਟਾਰੀਓ ਵਿੱਚ ਰਹਿੰਦੇ ਹਨ ।
- ਉਹ ਪਰਿਵਾਰ ਜੋ ਕਨੇਡਾ ਦੀ ਲੋ ਇਨਕਮ ਕਟ-ਆਫ (LICO) ਜਾਂ ਲੋ ਇਨਕਮ ਮੈਜ਼ਰ (LIM) ਤੋਂ ਹੇਠਾਂ ਆਉਂਦੇ ਹਨ ਉਹ ਕਿਸੇ ਆਮ ਪਰਿਵਾਰ ਦੇ ਮੁਕਾਬਲੇ ਆਪਣੀ ਆਮਦਨੀ ਦਾ ਬਹੁਤ ਵੱਡਾ ਹਿੱਸਾ ਭੋਜਨ ਅਤੇ ਪਨਾਹ ਵਰਗੀਆਂ ਬੁਨਿਆਦੀ ਜ਼ਰੂਰਤਾਂ 'ਤੇ ਖਰਚ ਕਰਦੇ ਹਨ । ਇਹ ਕਿਸੇ ਖਿੱਤੇ ਦੇ ਲੋਕਾਂ ਵਿੱਚ ਗਰੀਬੀ ਨੂੰ ਮਾਪਣ ਦਾ ਪੈਮਾਨਾ ਹੈ।
- ਸਿਸਟੇਮੈਟਿਕ ਰੇਸਿਜ਼ਮ (Systematic Racism) ਅਕਸਰ ਨੀਤੀਆਂ, ਅਭਿਆਸਾਂ ਅਤੇ ਸਕੀਮਾਂ ਵਿੱਚ ਕੀਤੇ ਗਏ ਪੱਖਪਾਤ ਕਰਕੇ ਹੁੰਦਾ ਹੈ ਜੋ ਕਿਸੇ ਗਰੁੱਪ ਨੂੰ ਫਾਇਦਾ ਜਾਂ ਨੁਕਸਾਨ ਪਹੁੰਚਾਉਣ ਦੇ ਮਕਸਦ ਨਾਲ ਸ਼ੁਰੂ ਹੁੰਦਾ ਹੈ।

## ਉਪਰਾਲੇ

**ਅਫਰੀ-ਕੈਨ ਫੂਡ ਬਾਸਕੇਟ (Afri-Can Food Basket)** ਇਕ ਕਮਿਊਨਿਟੀ-ਅਧਾਰਤ ਅਤੇ ਮੁਨਾਫਾ-ਰਹਿਤ ਕਮਿਊਨਿਟੀ ਵਿਕਾਸ ਲਹਿਰ ਹੈ ਜੋ ਅਫਰੀਕੀ ਕੈਨੇਡੀਅਨ ਭਾਈਚਾਰੇ ਦੀਆਂ ਖੁਰਾਕ, ਸਿਹਤ ਅਤੇ ਰੁਜ਼ਗਾਰ ਪ੍ਰਤੀ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਵਚਨਬੱਧ ਹੈ।

**Website**: www.africanfoodbasket.com

**email**: info@africanfoodbasket.ca

**ਐਕਸੈਸ ਅਲਾਇੰਸ (Access Alliance)** ਫੂਡ ਬੈਂਕਾਂ ਨਾਲ ਜੁੜ ਕੇ ਨਿਊਕਮਰਜ਼ ਨੂੰ ਕਲਚਰ ਅਤੇ ਸਿਹਤ ਮੁਤਾਬਿਕ ਢੁੱਕਵਾਂ ਭੋਜਨ ਦੇਣ ਦੇ ਵਿਚਾਰ ਕਰਦਿਆਂ ਡਿਲਵਰੀ ਮਾਡਲਾਂ ਨੂੰ ਵਿਕਸਤ ਦੀ ਵਕਾਲਤ ਕਰਦਾ ਹੈ।

**Website**: www.accessalliance.ca

**email**: communications@accessalliance.ca

**ਫੂਡਸ਼ੇਅਰ (Foodshare)** ਫੂਡ ਸਿਕਊਰਟੀ ਨੂੰ ਉਤਸ਼ਾਹਤ ਕਰਨ ਲਈ ਬਹੁਤ ਸਾਰੀਆਂ ਨੀਤੀਗਤ ਤਬਦੀਲੀਆਂ ਅਤੇ ਕਾਰਜਾਂ ਆਦਿ ਦਾ ਸੁਝਾਅ ਦਿੰਦਾ ਹੈ । ਇਹਨਾਂ ਵਿੱਚ ਮੁਖ ਤੌਰ 'ਤੇ ਘੱਟੋ ਘੱਟ ਆਮਦਨੀ ਦੇ ਮਾਪਦੰਡਾਂ ਨੂੰ ਨਿਰਧਾਰਤ ਕਰਨਾ, ਕੰਮ ਵਿਚ ਬਰਾਬਰੀ ਨੂੰ ਉਤਸ਼ਾਹਤ ਕਰਨ ਵਾਲੀਆਂ ਨੀਤੀਆਂ ਅਤੇ ਭੋਜਨ ਨੂੰ ਮੁੱਢਲਾ ਮਨੁੱਖੀ ਅਧਿਕਾਰ ਬਣਾਉਣ ਵਰਗੇ ਸੁਝਾਅ ਸ਼ਾਮਲ ਹਨ ।

**Website**: www.foodshare.net

**email**: info@foodshare.ne